Alberta Government

**News** release

# ਵੈਕਸੀਨ ਦੀ ਤੀਜੀ ਖੁਰਾਕ 1 ਸਤੰਬਰ ਤੋਂ ਉਪਲਬਧ ਹੈ।

ਅਗਸਤ 30, 2021 Media inquiries

## 1 ਸਤੰਬਰ ਤੋਂ ਕੋਵਿਡ-19 ਦੇ ਟੀਕੇ ਦੀ ਤੀਜੀ ਖੁਰਾਕ ਸਮੂਹਕ ਦੇਖਭਾਲ ਸਹੂਲਤਾਂ ਵਿੱਚ ਰਹਿਣ ਵਾਲੇ ਸਾਰੇ ਬਜ਼ੁਰਗਾਂ ਅਤੇ ਇਮਯੂਨੋਕੌਂਮਪ੍ਰੋਮਾਈਜ਼ਡ ਅਲਬਰਟਨਜ਼ ਲਈ ਉਪਲਬਧ ਹੋਵੇਗੀ।

ਅਲਬਰਟਾ ਸਰਕਾਰ ਨੇ ਹਮੇਸ਼ਾਂ ਵਧੇਰੇ ਲੋੜਵੰਦ ਲੋਕਾਂ ਦੀ ਦੇਖਭਾਲ ਨੂੰ ਤਰਜੀਹ ਦਿੱਤੀ ਹੈ। ਅਲਬਰਟਾ ਉਨ੍ਹਾਂ ਪਹਿਲੇ ਸੂਬਿਆਂ ਵਿੱਚੋਂ ਇੱਕ ਸੀ ਜਿਨ੍ਹਾਂ ਨੇ ਸਮੂਹਕ ਦੇਖਭਾਲ ਸਹੂਲਤਾਂ ਅਤੇ ਇਮਯੂਨੋਕੌਂਮਪ੍ਰੋਮਾਈਜ਼ਡ ਅਲਬਰਟਨਜ਼ ਨੂੰ ਵੈਕਸੀਨ ਦਿੱਤੀ।

ਤੀਜੀ ਖੁਰਾਕ ਪ੍ਰਤੀਰੋਧਕਤਾ(ਇਮਿਊਨਿਟੀ) ਵਧਾਵੇਗੀ ਅਤੇ ਸਮੂਹਕ ਦੇਖਭਾਲ ਸਹੂਲਤਾਂ ਦੇ ਵਸਨੀਕਾਂ ਅਤੇ ਇਮਯੂਨੋਕੌਂਮਪ੍ਰੋਮਾਈਜ਼ਡ ਵਿਅਕਤੀਆਂ ਦੀ ਸੁਰੱਖਿਆ ਵਿੱਚ ਵਾਧਾ ਹੋਵੇਗਾ।

ਇਸ ਤੋਂ ਇਲਾਵਾ ਐਮਆਰਐਨਏ ਦੀਆਂ ਵਾਧੂ ਖੁਰਾਕਾਂ ਉਨਾਂ ਨੂੰ ਉਪਲਬਧ ਕਰਵਾਈਆਂ ਜਾਣਗੀਆਂ ਜੋ ਉਨ੍ਹਾਂ ਅਧਿਕਾਰ ਖੇਤਰਾਂ ਵਿੱਚ ਟ੍ਰੈਵਲ ਕਰ ਰਹੇ ਹਨ ਜਿਥੇ ਕੋਵੀਸ਼ਿਲਡ/ਐਸਟਰਾਜ਼ੇਨੇਕਾ ਜਾਂ ਮਿਸ਼ਰਤ ਖੁਰਾਕਾਂ ਨਾਲ ਨਾਲ ਵੈਕਸੀਨੇਟਿਡ ਵਿਜਿਟਰ ਨੂੰ ਸਵੀਕਾਰ ਨਹੀਂ ਕੀਤੇ ਜਾਂਦੇ।

"ਅਸੀਂ ਅਲਬਰਟਨਜ਼ ਨੂੰ ਕੋਵਿਡ-19 ਤੋਂ ਬਚਾਉਣ ਲਈ ਵਚਨਬੱਧ ਹਾਂ ਅਤੇ ਟੀਕੇ ਇਹ ਸੁਰੱਖਿਆ ਦੇਣ ਦਾ ਸਭ ਤੋਂ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਤਰੀਕਾ ਹੈ। ਅਸੀਂ ਹਮੇਸ਼ਾਂ ਆਪਣੇ ਫੈਸਲੇ ਲੈਣ ਲਈ ਨਵੀਆਂ ਖੋਜਾਂ ਤੇ ਨਿਰਭਰ ਕਰਦੇ ਹਾਂ ਅਤੇ ਹੁਣ ਸਬੂਤ ਦਰਸਾਂਉਦੇ ਹਨ ਕਿ ਇਮਯੂਨੋਕੌਂਮਪ੍ਰੋਮਾਈਜ਼ਡ ਵਿਅਕਤੀਆਂ ਅਤੇ ਸਾਝੀ ਦੇਖਭਾਲ ਸਹੂਲਤਾਂ ਵਿੱਚ ਬਜ਼ੁਰਗਾਂ ਨੂੰ ਤੀਜੀ ਖੁਰਾਕ ਲੈਣ ਨਾਲ ਲਾਭ ਮਿਲਦਾ ਹੈ ਤੇ ਅਸੀਂ ਇਹ ਮੁਹੱਈਆ ਕਰਾ ਕੇ ਖੁਸ਼ ਹਾਂ।"
*ਟਾਈਲਰ ਸ਼ੈਂਡਰੋ, ਸਿਹਤ ਮੰਤਰੀ*

"ਅੰਕੜੇ ਦਰਸਾਉਂਦੇ ਹਨ ਕਿ ਵਾਧੂ ਖੁਰਾਕਾਂ ਇਮਯੂਨੋਕੌਂਮਪ੍ਰੋਮਾਈਜ਼ਡ ਵਿਅਕਤੀਆਂ ਅਤੇ ਸਪੋਰਟਿਡ ਲਿਵਿੰਗ ਵਿੱਚ ਰਹਿਣ ਵਾਲੇ ਬਜ਼ੁਰਗ ਅਲਬਰਟਨਜ਼ ਲਈ ਵਧੇਰੇ ਸੁਰੱਖਿਆ ਪ੍ਰਦਾਨ ਕਰਨਗੀਆਂ। ਜਿਵੇਂ ਕਿ ਅਸੀਂ ਇਨ੍ਹਾਂ ਵਿਅਕਤੀਆਂ ਨੂੰ ਪਹਿਲਾਂ ਕੋਵਿਡ-19 ਦੇ ਟੀਕੇ ਅਤੇ ਖੁਰਾਕਾਂ ਦੇ ਵਿਚਕਾਰ ਚਾਰ ਹਫਤਿਆਂ ਦੇ ਛੋਟੇ ਅੰਤਰਾਲ ਰੱਖੇ ਇਸੇ ਤਰਾਂ ਨਵੇ ਅੰਕੜੇ ਅਨੁਸਾਰ ਅਸੀਂ ਸਾਰੇ ਅਲਬਰਟਨਜ਼ ਦੀ ਰੱਖਿਆ ਲਈ ਕੰਮ ਕਰਦੇ ਰਹਾਂਗੇ। ਹਾਲਾਂਕਿ ਸਾਡੇ ਲਈ ਇੱਕ ਦੂਜੇ ਦੀ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਅਜੇ ਵੀ ਵੱਧ ਤੋਂ ਵੱਧ ਲੋਕਾਂ ਨੂੰ ਪੂਰੀ ਤਰ੍ਹਾਂ ਵੈਕਸੀਨੇਟ ਕਰਨਾ ਹੈ।"
*ਡਾ. ਡੀਨਾ ਹਿੰਸ਼ਾ, ਸਿਹਤ ਦੇ ਮੁੱਖ ਮੈਡੀਕਲ ਅਫਸਰ*

## ਸਮੂਹਕ ਦੇਖਭਾਲ ਸਹੂਲਤਾਂ ਵਿੱਚ ਰਹਿਣ ਵਾਲੇ ਬਜ਼ੁਰਗ

ਸਮੂਹਕ ਦੇਖਭਾਲ ਸਹੂਲਤਾਂ ਵਿੱਚ ਰਹਿਣ ਵਾਲੇ ਬਜ਼ੁਰਗ ਆਪਣੀ ਦੂਜੀ ਖੁਰਾਕ ਤੋਂ ਲਗਭਗ ਪੰਜ ਮਹੀਨਿਆਂ ਬਾਅਦ ਆਪਣੀ ਤੀਜੀ ਖੁਰਾਕ ਪ੍ਰਾਪਤ ਕਰਨ ਦੇ ਯੋਗ ਹੋਣਗੇ। ਯੋਗ ਰਿਹਾਇਸ਼ੀਆਂ ਨੂੰ ਉਨ੍ਹਾਂ ਦੀਆਂ ਸਹੂਲਤਾਂ ਅੰਦਰ ਤੀਜੀ ਖੁਰਾਕ ਮਿਲੇਗੀ।

## ਇਮਯੂਨੋਕੌਂਮਪ੍ਰੋਮਾਈਜ਼ਿੰਗ ਸ਼ਰਤਾਂ

ਇਮਯੂਨੋਕੌਂਮਪ੍ਰੋਮਾਈਜ਼ਿੰਗ(ਕਮਜ਼ੋਰ ਇਮਿਊਨਿਟੀ)ਸ਼ਰਤਾਂ ਜੋ ਦੂਜੀ ਖੁਰਾਕ ਤੋਂ ਘੱਟੋ ਘੱਟ ਅੱਠ ਹਫ਼ਤਿਆਂ ਬਾਅਦ ਵਾਧੂ ਖੁਰਾਕ ਲਈ ਯੋਗਤਾ ਵਿੱਚ ਸ਼ਾਮਿਲ ਹਨ:

- ਟ੍ਰਾਂਸਪਲਾਂਟ ਪ੍ਰਾਪਤ ਕਰਤਾ ਜਿਨ੍ਹਾਂ ਵਿੱਚ ਠੋਸ ਅੰਗ ਟ੍ਰਾਂਸਪਲਾਂਟ ਅਤੇ ਹੈਮੇਟੋਪੋਏਟਿਕ ਸਟੈਮ ਸੈੱਲ ਟ੍ਰਾਂਸਪਲਾਂਟ ਸ਼ਾਮਲ ਹਨ।
- ਗੁਰਦੇ ਦੀ ਬੀਮਾਰੀ ਵਾਲੇ ਵਿਅਕਤੀ ਜੋ ਨਿਯਮਤ ਡਾਇਲਸਿਸ ਤੇ ਹਨ।
- ਹਾਰਮੋਨਲ ਥੈਰੇਪੀ, ਰੇਡੀਏਸ਼ਨ ਥੈਰੇਪੀ ਜਾਂ ਸਰਜਰੀ ਪ੍ਰਕਿਰਿਆ ਨੂੰ ਛੱਡ ਕੇ ਕੈਂਸਰ ਦੇ ਇਲਾਜ ਅਧੀਨ (ਕੀਮੋਥੈਰੇਪੀ, ਇਮਯੂਨੋਥੈਰੇਪੀ ਜਾਂ ਟਾਰਗੈਟਿਡ ਥੈਰੇਪੀ) ਵਿਅਕਤੀ।

- ਆਟੋਇਮਿਊਨ ਬਿਮਾਰੀ ਲਈ ਕੁਝ ਖਾਸ ਦਵਾਈਆਂ ਤੇ ਵਿਅਕਤੀ ਜਿਸ ਵਿੱਚ ਰਿਟੁਕਸੀਮੈਬ, ਓਕਰੇਲੀਜ਼ੁਮਾਬ ਅਤੇ ਓਫਟੁਮੁਮਾਬ ਸ਼ਾਮਲ ਹਨ।

## ਟ੍ਰੈਵਲ ਵੈਕਸੀਨੇਸ਼ਨ

ਅਲਬਰਟਾ ਵਿੱਚ ਵਰਤੇ ਜਾਣ ਵਾਲੇ ਕਿਸੇ ਵੀ ਟੀਕੇ ਦੀਆਂ ਦੋ ਖੁਰਾਕਾਂ ਵਾਲੇ ਅਲਬਰਟਨਜ਼ ਨੂੰ ਫੁਲੀ ਵੈਕਸੀਨੇਟਿਡ ਮੰਨਿਆ ਜਾਂਦਾ ਹੈ। ਹਾਲਾਂਕਿ ਕਨੇਡਾ ਤੋਂ ਬਾਹਰ ਦੇ ਕੁਝ ਅਧਿਕਾਰ ਖੇਤਰਾਂ ਨੇ ਸੰਕੇਤ ਦਿੱਤਾ ਹੈ ਕਿ ਉਹ ਕੋਵੀਸ਼ਿਲਡ/ਐਸਟਰਾਜ਼ੇਨੇਕਾ ਜਾਂ ਮਿਸ਼ਰਤ ਖੁਰਾਕਾਂ ਨਾਲ ਵੈਕਸੀਨੇਟਿਡ ਵਿਜਿਟਰ ਨੂੰ ਸਵੀਕਾਰ ਨਹੀਂ ਕਰਨਗੇ।

ਅਜਿਹੇ ਅਲਬਰਟਨਜ਼ ਨੂੰ ਦੂਜੀ ਖੁਰਾਕ ਤੋਂ ਘੱਟੋ ਘੱਟ 28 ਦਿਨਾਂ ਬਾਅਦ ਐਮਆਰਐਨਏ ਦੀਆਂ ਵਾਧੂ ਖੁਰਾਕਾਂ ਉਪਲਬਧ ਕਰਵਾਈਆਂ ਜਾਣਗੀਆਂ ਜੋ ਅਜਿਹੇ ਅਧਿਕਾਰ ਖੇਤਰਾਂ ਵਿੱਚ ਟ੍ਰੈਵਲ ਕਰ ਰਹੇ ਹਨ ਜਿਥੇ ਕੋਵੀਸ਼ਿਲਡ/ਐਸਟਰਾਜ਼ੇਨੇਕਾ ਜਾਂ ਮਿਸ਼ਰਤ ਖੁਰਾਕਾਂ ਨਾਲ ਨਾਲ ਵੈਕਸੀਨੇਟਿਡ ਵਿਜਿਟਰ ਨੂੰ ਸਵੀਕਾਰ ਨਹੀਂ ਕੀਤੇ ਜਾਂਦੇ।

## ਪ੍ਰਮੁੱਖ ਤੱਥ

- 118,000 ਵਿਅਕਤੀ ਜੋ ਇਮਯੁਨੋਕੌਂਮਪ੍ਰੋਮਾਈਜ਼ਡ (ਲਗਭਗ 60,000 ਅਲਬਰਟਨਜ਼) ਅਤੇ ਸੀਨੀਅਰ ਸਪੋਰਟਿਵ ਲਿਵਿੰਗ(ਲਗਭਗ 58,000 ਅਲਬਰਟਨਸ) ਵਿੱਚ ਰਹਿਣ ਦੇ ਅਧਾਰ ਤੇ ਇੱਕ ਵਾਧੂ ਕੋਵਿਡ-19 ਟੀਕੇ ਦੀ ਖੁਰਾਕ ਲੈਣ ਦੇ ਯੋਗ ਹੋਣਗੇ।
- ਅੱਜ ਤੱਕ 12 ਸਾਲ ਤੋਂ ਵੱਧ ਉਮਰ ਦੇ 77.9 ਪ੍ਰਤੀਸ਼ਤ ਅਲਬਰਟਨਾਜ਼ ਨੂੰ ਕੋਵਿਡ-19 ਟੀਕੇ ਦੀ ਘੱਟੋ ਘੱਟ ਇੱਕ ਖੁਰਾਕ ਪ੍ਰਾਪਤ ਹੋਈ ਹੈ ਅਤੇ 69.7 ਪ੍ਰਤੀਸ਼ਤ ਨੂੰ ਦੋ ਖੁਰਾਕਾਂ ਪ੍ਰਾਪਤ ਹੋਈਆਂ ਹਨ।
- ਟੀਕਾਕਰਣ ਦੇ ਰਿਕਾਰਡ ਮਾਈਹੈਲਥ ਰਿਕਾਰਡਸ MyHealth Records ਦੁਆਰਾ ਉਪਲਬਧ ਹਨ। ਟ੍ਰੈਵਲ ਕਰਨ ਵਾਲੇ ਅਲਬਰਟਨ ਵੈਕਸੀਨੇਸ਼ਨ ਸਮੇ ਪ੍ਰਾਪਤ ਹੋਈ ਹਾਰਡ ਕਾਪੀ ਰਿਕਾਰਡ ਦੀ ਵਰਤੋਂ ਵੀ ਕਰ ਸਕਦੇ ਹਨ।

## ਸਬੰਧਿਤ ਜਾਣਕਾਰੀ

- Book your COVID-19 vaccine appointment

## ਮੀਡੀਆ ਪੁੱਛਗਿੱਛ

**Steve Buick**
780-288-1735
ਸੀਨੀਅਰ ਪ੍ਰੈਸ ਸੈਕਟਰੀ,ਹੈਲਥ

View this announcement online
Government of Alberta newsroom
Contact government
Unsubscribe